weeklypoetry.com

**Exam. Code : 108506**
**Subject Code : 2881**

**B.Com. 6th Semester**

**ਪੰਜਾਬੀ ਲਾਜ਼ਮੀ**

**Paper–BCG–602 (i)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖੀਆਂ ਕਹਾਣੀਆਂ ਵਿੱਚੋਂ **ਇਕ** ਕਹਾਣੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ :

   (ੳ) ਕਾਲਾ ਬਾਪ ਗੋਰਾ ਬਾਪ

   (ਅ) ਘੱਟਣਾ। 10

2. ਹੇਠ ਲਿਖੇ ਕਿਸੇ **ਇੱਕ** ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ :

   (ੳ) ਅਵਚੇਤਨ ਦਾ ਗੁਣ ਅਤੇ ਸੁਭਾਅ

   (ਅ) ਅੱਖਾਂ। 10

3. ਹੇਠ ਲਿਖੇ ਵਿਸ਼ਿਆਂ ਵਿਚੋਂ **ਇਕ** ਉਪਰ ਲੇਖ ਲਿਖੋ :

   (ੳ) ਵਿਦਿਆਰਥੀ ਅਤੇ ਅਨੁਸ਼ਾਸਨ

   (ਅ) ਮੇਰੀ ਮਨ-ਪਸੰਦ ਪੁਸਤਕ। 5

4. ਹੇਠ ਲਿਖੇ ਪੈਰ੍ਹੇ ਦੀ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

   ਭਾਰਤ ਇਕ ਦੇਸ਼ ਹੈ ਪਰ ਇਸ ਦੀ ਭਾਸ਼ਾ ਇਕ ਨਹੀਂ। ਇਸ ਵਿੱਚ ਇਕ ਦਰਜਨ ਤੋਂ ਵੀ ਵਧੇਰੇ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਵੱਖਰੇ-ਵੱਖਰੇ ਇਲਾਕੇ ਦੀਆਂ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਹੋਣ ਦਾ ਇੱਕ ਵੱਡਾ ਘਾਟਾ ਇਹ ਹੈ ਕਿ ਭਾਰਤ ਵਿਚ ਏਕਤਾ ਵਧਣੋਂ ਫੁਲਣੋ ਰੁਕਦੀ ਹੈ। ਸਾਡੇ ਨਾਲੋਂ ਵੱਖਰੀ ਭਾਸ਼ਾ ਵਾਲਾ



weeklypoetry.com

ਸਾਨੂੰ ਓਪਰਾ ਮਾਲੂਮ ਹੁੰਦਾ ਹੈ। ਉਸ ਨੂੰ ਬੋਲਦਿਆਂ ਸੁਣ ਕੇ ਸਾਡੇ ਦਿਲ ਵਿੱਚ ਇਹ ਖਿਆਲ ਨਹੀਂ ਆਉਂਦਾ ਕਿ ਇਹ ਸਾਡੀ ਕੌਮ ਦਾ ਬੰਦਾ ਹੈ। ਇਸ ਤਰ੍ਹਾਂ ਦੇਸ਼ ਵਿੱਚ ਇਕ ਤੋਂ ਵੱਧ ਭਾਸ਼ਾਵਾਂ ਦਾ ਹੋਣਾ ਏਕਤਾ ਦੇ ਰਾਹ ਵਿਚ ਰੁਕਾਵਟ ਹੈ। 5

5. ਪੰਜਾਬੀ ਭਾਸ਼ਾ ਵਿਚ ਰੂਪਾਂਤਰ ਦੇ ਆਧਾਰ ਤੇ ਪੰਜਾਬੀ ਕਿਰਿਆ-ਵਾਕੰਸ਼ ਦਾ ਵਰਗੀਕਰਨ ਕਰੋ।

**ਜਾਂ**

ਉਚਾਰਨ ਅੰਗਾਂ ਤੋਂ ਕੀ ਭਾਵ ਹੈ ? ਸਾਹ ਪ੍ਰਣਾਲੀ ਨਾਲ ਸਬੰਧਿਤ ਉਚਾਰਨ ਅੰਗਾਂ ਬਾਰੇ ਜਾਣਕਾਰੀ ਦਿਉ। 10

6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ (**50** ਸ਼ਬਦਾਂ) ਵਿਚ ਉੱਤਰ ਦਿਉ :

(1) ਅਚੇਤਨ ਦਾ ਬੁਨਿਆਦੀ ਲੱਛਣ ਕੀ ਹੈ ?

(2) ਦਿਮਾਗ ਅਤੇ ਅੱਖਾਂ ਦਾ ਕੀ ਸਬੰਧ ਹੈ ?

(3) ਫੈਸਲਾ ਕਹਾਣੀ ਵਿੱਚ ਮਜਦੂਰ ਤੇ ਮਿਸਤਰੀ ਬੇਹੋਸ਼ ਔਰਤ ਨੂੰ ਮੁੜ ਦਰਿਆ ਵਿੱਚ ਕਿਉਂ ਰੋੜ ਦਿੰਦੇ ਹਨ ?

(4) ਉਹ ਸੋਚਦੀ ਕਹਾਣੀ ਵਿਚ ਜੀਤੀ ਦੇ ਆਪਣੀ ਦਾਦੀ ਬਾਰੇ ਵਿਚਾਰਾਂ ਦੀ ਦੁਬਿਧਾ ਦੇ ਕੀ ਕਾਰਨ ਸੀ ?

(5) ਫੈਸਲਾ ਕਹਾਣੀ ਦੀ ਮੁੱਖ ਘਟਨਾ ਕੀ ਹੈ ?

(6) ਗੁਲਬਾਨੋਂ ਪਾਤਰ ਨਾਲ ਜਾਣ-ਪਛਾਣ ਕਰਾਉ।

(7) ਕਹਾਣੀ 'ਸਾਂਝ' ਵਿੱਚ ਕਿਸ ਮਨੁੱਖੀ ਸਾਂਝ ਦੀ ਗੱਲ ਕੀਤੀ ਗਈ ਹੈ ? 5×2=10



weeklypoetry.com